ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਪ੍ਰਸ਼ਾਸ਼ਕੀ ਅਫ਼ਸਰ-2 ਸ਼ਾਖਾ)

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜ਼ਨਾਂ ਦੇ ਕਮਿਸ਼ਨਰਜ਼ ਅਤੇ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼।

ਮੀਮੋ ਨੰ:**GAD-ADO20PARK/4/2019-3 ADO2/**
ਮਿਤੀ: 29/10/2024

ਵਿਸ਼ਾ:- **ਸਕੱਤਰੇਤ ਪ੍ਰਸ਼ਾਸ਼ਨ ਵੱਲੋਂ ਸਾਲ 2025 ਲਈ ਕਾਰ ਪਾਰਕਿੰਗ ਲੇਬਲ ਜਾਰੀ ਕਰਨ ਬਾਰੇ।**

****

ਸ੍ਰੀਮਾਨ ਜੀ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੈਨੂੰ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਿਵਲ ਸਕੱਤਰੇਤ ਅਤੇ ਪੰਜਾਬ ਸਿਵਲ ਸਕੱਤਰੇਤ 2 ਵਿਖੇ ਸਰਕਾਰੀ/ਨਿੱਜੀ ਵਹੀਕਲ ਪਾਰਕ ਕਰਨ ਲਈ ਮਿਤੀ 31.12.2024 ਤੱਕ ਵੈਲਿਡ ਪਾਰਕਿੰਗ ਲੇਬਲ ਜਾਰੀ ਕੀਤੇ ਹੋਏ ਹਨ। ਹੁਣ ਸਾਲ 2025 ਲਈ ਮਿਤੀ 01.01.2025 ਤੋਂ 31.12.2025 ਤੱਕ ਵੈਲਿਡ ਪਾਰਕਿੰਗ ਲੇਬਲ ਜਾਰੀ ਕੀਤੇ ਜਾਣੇ ਹਨ। ਇਹ ਪਾਰਕਿੰਗ ਲੇਬਲ ਸਾਲ 2024 ਦੇ ਪਾਰਕਿੰਗ ਲੇਬਲ ਵਾਪਸ ਲੈਣ ਉਪਰੰਤ ਜਾਰੀ ਕੀਤੇ ਜਾਣਗੇ। ਇਨ੍ਹਾਂ ਦਾ ਆਕਾਰ ਅਤੇ ਰੰਗ ਬਦਲ ਦਿੱਤਾ ਗਿਆ ਹੈ। ਇਸ ਲਈ ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਸਮੁੱਚੇ ਵਿਭਾਗ ਦੇ ਉੱਚ ਅਧਿਕਾਰੀ, ਜਿਨ੍ਹਾਂ ਨੇ ਆਮ ਤੌਰ ਤੇ ਸਕੱਤਰੇਤ ਆਉਣਾ ਹੁੰਦਾ ਹੈ, ਦੇ ਨਾ, ਅਹੁਦਾ ਕਾਡਰ ਅਤੇ ਉਨ੍ਹਾਂ ਨਾਲ ਅਟੈਚ ਸਰਕਾਰੀ ਕਾਰਾਂ ਦੀ ਸੂਚੀ ਮਿਤੀ ਤੱਕ ਹਰ ਹਾਲਤ ਵਿਚ ਭੇਜੀ ਜਾਵੇ ਤਾਂ ਜੋ ਸਰਕਾਰ ਦੀ ਨੀਤੀ ਅਨੁਸਾਰ ਯੋਗ ਗੱਡੀਆਂ ਨੂੰ ਪਾਰਕਿੰਗ ਲੇਬਲ ਸਮੇਂ ਸਿਰ ਜਾਰੀ ਕੀਤੇ ਜਾ ਸਕਣ। ਅਧਿਕਾਰੀਆਂ/ਕਾਰਾਂ ਦੀ ਸੂਚੀ ਭੇਜਦੇ ਸਮੇਂ ਇਸ ਗੱਲ ਧਿਆਨ ਰੱਖਿਆ ਜਾਵੇ ਕਿ ਵਿਭਾਗ ਦੀ ਸਮੁੱਚੀ ਕਾਰ ਪਾਰਕਿੰਗ ਲੇਬਲਾਂ ਦੀ ਮੰਗ ਇਕੋ ਵਾਰੀ ਹੀ ਭੇਜੀ ਜਾਵੇ। ਹਰੇਕ ਅਧਿਕਾਰੀ ਲਈ ਕੇਵਲ ਇਕ ਹੀ ਸਰਕਾਰੀ ਕਾਰ ਲਈ ਪਾਰਕਿੰਗ ਲੇਬਲ ਜਾਰੀ ਕੀਤਾ ਜਾਵੇਗਾ। ਸਾਲ 2024 ਜਾਂ ਉਸ ਤੋਂ ਪਹਿਲਾਂ ਕਿਸੇ ਸਾਲ ਕਿਸੇ ਅਧਿਕਾਰੀ ਦੀ ਸਟਾਫ਼/ਨਿੱਜੀ ਕਾਰ ਲਈ ਜਾਰੀ ਕੀਤਾ ਗਿਆ ਪਾਰਕਿੰਗ ਲੇਬਲ ਸਾਲ 2025 ਲਈ ਜਾਰੀ ਕੀਤੇ ਜਾਣ ਵਾਲੇ ਪਾਰਕਿੰਗ ਲੇਬਲ ਲਈ ਕੋਈ ਆਧਾਰ (precedent) ਨਹੀਂ ਮੰਨਿਆ ਜਾਵੇਗਾ। ਇਸ ਤੋਂ ਇਲਾਵਾ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਕੋਈ ਵੀ ਅਧਿਕਾਰੀ ਆਪਣੀ ਪੱਧਰ ਤੇ ਵੱਖਰੇ ਤੌਰ ਤੇ ਪਾਰਕਿੰਗ ਲੇਬਲ ਲਈ ਪ੍ਰਤੀ-ਬੇਨਤੀ ਭੇਜਣ ਦੀ ਖੇਚਲ ਨਾ ਕਰਨ। ਜਿਸ ਗੱਡੀ ਲਈ ਪਾਰਕਿੰਗ ਪਾਸ ਜਾਰੀ ਕੀਤਾ ਗਿਆ ਹੈ ਕੇਵਲ ਉਸੇ ਗੱਡੀ ਤੇ ਹੀ ਚਿਪਕਾਇਆ ਜਾਵੇ। ਪੁਲਿਸ ਵਿਭਾਗ ਦੇ ਅਧਿਕਾਰੀ ਆਪਣੀਆਂ ਸਟਾਫ ਕਾਰਾਂ ਦੇ ਪਾਰਕਿੰਗ ਲੇਬਲ ਕੇਵਲ ਸਬੰਧਤ ਐਮ.ਟੀ.ਓ ਰਾਹੀਂ ਹੀ ਮੰਗਵਾਉਣ ਅਤੇ ਬਿਨੈਪੱਤਰ ਤੇ ਅਧਿਕਾਰੀ ਦਾ ਰੈਂਕ (IPS/PPS) ਜ਼ਰੂਰ ਦਰਸਾਇਆ ਜਾਵੇ। ਹਰ ਇੱਕ ਵਿਭਾਗ ਆਪਣੇ ਅਧਿਕਾਰੀਆਂ ਦੀਆਂ ਸਟਾਫ ਕਾਰਾਂ ਦੇ ਪਾਰਕਿੰਗ ਲੇਬਲ ਪ੍ਰਾਪਤ ਕਰਨ ਲਈ ਭੇਜੇ ਗਏ ਕਰਮਚਾਰੀ ਨੂੰ ਸਪੱਸ਼ਟ ਰੂਪ ਵਿੱਚ ਅਥਾਰਟੀ ਪੱਤਰ ਦੇ ਕੇ ਭੇਜਿਆ ਜਾਵੇ ਜਿਸ ਵਿੱਚ ਉਸ ਦੇ ਹਸਤਾਖਰ ਵੀ ਤਸਦੀਕ ਕੀਤੇ ਗਏ ਹੋਣ। ਕਿਸੇ ਵੀ ਹਾਲਤ ਵਿੱਚ ਗਰੁੱਪ ਸੇਵਾਵਾਂ ਡੀ ਭਾਵ ਦਰਜਾ-4 ਕਰਮਚਾਰੀ ਨੂੰ ਨਾ ਭੇਜਿਆ ਜਾਵੇ। ਸਾਲ 2025 ਦਾ ਪਾਰਕਿੰਗ

ਲੇਬਲ ਪ੍ਰਾਪਤ ਨਾ ਕਰਨ ਦੀ ਹਾਲਤ ਵਿੱਚ ਵੀ ਸਾਲ 2024 ਦੌਰਾਨ ਜਾਰੀ ਕੀਤੇ ਗਏ ਪਾਰਕਿੰਗ ਲੇਬਲ ਮਿਤੀ 31.12.2024 ਤੱਕ ਹਰ ਹਾਲਤ ਵਿੱਚ ਇਸ ਸ਼ਾਖਾ ਵਿੱਚ ਜਮ੍ਹਾਂ ਕਰਵਾਏ ਜਾਣ। ਅਜਿਹਾ ਨਾ ਕਰਨ ਦੀ ਹਾਲਤ ਵਿੱਚ ਪ੍ਰਸ਼ਾਸਨ ਵਲੋਂ ਗੰਭੀਰ ਨੋਟਿਸ ਲਿਆ ਜਾਵੇਗਾ।

ਵਿਸ਼ਵਾਸਪਾਤਰ
ਗੁਰਦੀਪ ਸਿੰਘ
ਪ੍ਰਸ਼ਾਸਕੀ ਅਫਸਰ-2

ਪਿੱ.ਅੰ.ਨੰ: GAD-ADO20PARK/4/2019-3 ADO2/956513/I ਮਿਤੀ, ਚੰਡੀਗੜ੍ਹ: 29/10/2024

ਇਸ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਸਮੂਹ ਪ੍ਰਮੁੱਖ ਸਕੱਤਰ/ਵਿੱਤੀ ਕਮਿਸ਼ਨਰ/ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।
2. ਵਿਸ਼ੇਸ਼ ਸਕੱਤਰ, ਵਧੀਕ ਸਕੱਤਰ ਅਤੇ ਸੰਯੁਕਤ ਸਕੱਤਰ, ਪੰਜਾਬ ਸਰਕਾਰ(ਸਕੱਤਰੇਤ)।
3. ਪੰਜਾਬ ਸਰਕਾਰ ਦੇ ਸਮੂਹ ਬੋਰਡ/ਕਾਰਪੋਰੇਸ਼ਨਾਂ ਦੇ ਚੇਅਰਮੈਨ/ਮੈਨੇਜਿੰਗ ਡਾਇਰੈਕਟਰਜ਼।

ਗੁਰਦੀਪ ਸਿੰਘ
ਪ੍ਰਸ਼ਾਸਕੀ ਅਫਸਰ-2

ਇਸ ਦਾ ਇਕ ਉਤਾਰਾ ਪੰਜਾਬ ਸਿਵਲ ਸਕੱਤਰੇਤ ਦੇ ਸਮੂਹ ਸੀਨੀਅਰ ਵਿਸ਼ੇਸ਼ ਸਕੱਤਰ/ਮੰਤਰੀ, ਵਿਸ਼ੇਸ਼ ਸਕੱਤਰ/ਮੰਤਰੀ, ਸਕੱਤਰ/ਮੰਤਰੀ, ਨਿੱਜੀ ਸਕੱਤਰ, ਉਪ/ਅਧੀਨ ਸਕੱਤਰ ਅਤੇ ਸਮੂਹ ਸੁਪਰਡੰਟਾਂ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਾਲ 2025 ਲਈ ਪਾਰਕਿੰਗ ਲੇਬਲ ਪ੍ਰਾਪਤ ਕਰਨ ਲਈ ਉਨ੍ਹਾਂ ਅਧੀਨ ਕੰਮ ਕਰ ਰਹੇ ਕਰਮਚਾਰੀਆਂ ਨੂੰ ਨੋਟ ਕਰਵਾ ਦਿੱਤਾ ਜਾਵੇ ਕਿ ਉਹ ਆਪਣੀਆਂ ਪ੍ਰਤੀ-ਬੇਨਤੀਆਂ ਮਿਤੀ 20.11.2024 ਤੱਕ ਹਰ ਹਾਲਤ ਵਿੱਚ ਇਸ ਸ਼ਾਖਾ ਨੂੰ ਭੇਜਣ। ਅਧਿਕਾਰੀਆਂ/ਕਰਮਚਾਰੀਆਂ ਦੀਆਂ ਨਿੱਜੀ ਵਹੀਕਲਾਂ ਲਈ ਪਾਰਕਿੰਗ ਲੇਬਲ ਲੈਣ ਲਈ ਭੇਜੀਆਂ ਜਾਣ ਵਾਲੀਆਂ ਪ੍ਰਤੀ-ਬੇਨਤੀਆਂ ਨਾਲ ਵਹੀਕਲ ਦੀ ਰਜਿਸਟ੍ਰੇਸ਼ਨ ਦੀ ਤਸਦੀਕਸ਼ੁਦਾ ਕਾਪੀ ਅਤੇ ਵੈਲਿਡ ਸ਼ਨਾਖਤੀ ਕਾਰਡ ਦੀ ਕਾਪੀ ਜ਼ਰੂਰੀ ਹੋਵੇਗੀ। ਵਿੱਤੀ ਕਮਿਸ਼ਨਰਜ਼ ਅਤੇ ਪੰਜਾਬ ਸਿਵਲ ਸਕੱਤਰੇਤ ਦੇ ਕਰਮਚਾਰੀ ਆਪਣੀ ਪ੍ਰਤੀ-ਬੇਨਤੀ ਆਪਣੀ ਸ਼ਾਖਾ ਦੇ ਸੁਪਰਡੰਟ/ਨਿੱਜੀ ਸਕੱਤਰ ਰਾਹੀਂ ਭੇਜਣ ਅਤੇ ਪ੍ਰਤੀ ਬੇਨਤੀ ਨਾਲ ਵੈਲਿਡ ਸ਼ਨਾਖਤੀ ਕਾਰਡ ਅਤੇ ਰਜਿਸਟੇਰਸ਼ਨ ਦੀ ਤਸੀਦਕਸ਼ੁਦਾ ਕਾਪੀ ਨੱਥੀ ਕਰਨ। ਪ੍ਰਤੀ-ਬੇਨਤੀ ਤੇ ਬਿਨੈਕਾਰ ਦਾ ਮੋਬਾਇਲ ਨੰਬਰ ਜ਼ਰੂਰ ਦਰਸਾਇਆ ਜਾਵੇ। ਕਰਮਚਾਰੀ ਆਪਣੇ ਪਾਰਕਿੰਗ ਲੇਬਲ ਇਸ ਸ਼ਾਖਾ ਤੋਂ ਨਿੱਜੀ ਪੱਧਰ ਤੇ ਹੀ ਪ੍ਰਾਪਤ ਕਰਨ। ਇਹ ਲੇਬਲ ਪ੍ਰਾਪਤ ਕਰਨ ਲਈ ਕਿਸੇ ਵੀ ਹਾਲਤ ਵਿੱਚ ਗਰੁੱਪ ਸੇਵਾਵਾਂ ਡੀ ਭਾਵ ਦਰਜਾ -4 ਕਰਮਚਾਰੀ ਜਾਂ ਕਿਸੇ ਹੋਰ ਕਰਮਚਾਰੀ ਨੂੰ ਨਾ ਭੇਜਿਆ ਜਾਵੇ। ਸਾਲ 2025 ਦਾ ਪਾਰਕਿੰਗ ਲੇਬਲ ਪ੍ਰਾਪਤ ਨਾ ਕਰਨ ਦੀ ਹਾਲਤ ਵਿੱਚ ਵੀ ਸਾਲ 2024 ਦੌਰਾਨ ਜਾਰੀ ਕੀਤੇ ਗਏ ਪਾਰਕਿੰਗ ਲੇਬਲ ਮਿਤੀ 31.12.2024 ਤੱਕ ਹਰ ਹਾਲਤ ਵਿੱਚ ਇਸ ਸ਼ਾਖਾ ਵਿੱਚ ਜਮ੍ਹਾਂ ਕਰਵਾਏ ਜਾਣ। ਅਜਿਹਾ ਨਾ ਕਰਨ ਦੀ ਹਾਲਤ ਵਿੱਚ ਪ੍ਰਸ਼ਾਸਨ ਵੱਲੋਂ ਗੰਭੀਰ ਨੋਟਿਸ ਲਿਆ ਜਾਵੇਗਾ।

ਗੁਰਦੀਪ ਸਿੰਘ
ਪ੍ਰਸ਼ਾਸਕੀ ਅਫਸਰ-2

ਪਿੱ.ਅੰ.ਨੰ: GAD-ADO20PARK/4/2019-3 ADO2/956513/II ਮਿਤੀ, ਚੰਡੀਗੜ੍ਹ: 29/10/2024

ਉਤਾਰਾ ਕਮਾਂਡੈਂਟ, ਕੇਂਦਰੀ ਉਦਯੋਗਿਕ ਸੁਰੱਖਿਆ ਬਲ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਗੁਰਦੀਪ ਸਿੰਘ
ਪ੍ਰਸ਼ਾਸਕੀ ਅਫਸਰ-2

ਪਿੱ.ਅੰ.ਨੰ: GAD-ADO20PARK/4/2019-3 ADO2/956513/III ਮਿਤੀ, ਚੰਡੀਗੜ੍ਹ: 29/10/2024

ਉਤਾਰਾ ਇੰਚਾਰਜ, ਸਕਿਉਰਟੀ, ਪੰਜਾਬ ਸਿਵਲ ਸਕੱਤਰੇਤ-2, ਸੈਕਟਰ -9,ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਗੁਰਦੀਪ ਸਿੰਘ
ਪ੍ਰਸ਼ਾਸ਼ਕੀ ਅਫਸਰ-2